www.prepp.in

**Lang. Code : 15**

इस पुस्तिका में **20** पृष्ठ हैं ।
This booklet contains **20** pages.

# TAJ 19-II

**प्रश्न-पत्र II / PAPER II**
**पंजाबी भाषा परिशिष्ट**
**Punjabi Language Supplement**
**भाग IV & V / PART IV & V**

परीक्षा पुस्तिका संकेत
Test Booklet Code

**W**

परीक्षा पुस्तिका संख्या
Test Booklet No.

**इस परीक्षा पुस्तिका को तब तक न खोलें जब तक कहा न जाए ।**
**Do not open this Test Booklet until you are asked to do so.**
**इस परीक्षा पुस्तिका के पिछले आवरण (पृष्ठ 19 व 20)पर दिए निर्देशों को ध्यान से पढ़ें ।**
**Read carefully the Instructions on the Back Cover (Page 19 & 20) of this Test Booklet.**

**पंजाबी में निर्देशों के लिए इस पुस्तिका का पृष्ठ 2 देखें । / For instructions in Punjabi see Page 2 of this Booklet.**

## परीक्षार्थियों के लिए निर्देश

1. यह पुस्तिका मुख्य परीक्षा पुस्तिका की एक परिशिष्ट है, उन परीक्षार्थियों के लिए जो **या** तो भाग IV (भाषा I) **या** भाग V (भाषा II) **पंजाबी** भाषा में देना चाहते हैं, लेकिन **दोनों नहीं** ।
2. परीक्षार्थी भाग I एवं भाग II **या** III के उत्तर मुख्य परीक्षा पुस्तिका से दें और भाग IV व V के उत्तर उनके द्वारा चुनी भाषाओं से ।
3. अंग्रेज़ी व हिन्दी भाषा पर प्रश्न मुख्य परीक्षा पुस्तिका में भाग IV व भाग V के अन्तर्गत दिए गए हैं । भाषा परिशिष्टों को आप अलग से माँग सकते हैं ।
4. इस पृष्ठ पर विवरण अंकित करने एवं उत्तर पत्र पर निशान लगाने के लिए **केवल काले/नीले बॉल पॉइंट पेन** का प्रयोग करें ।
5. इस भाषा पुस्तिका का **संकेत** है **W** । यह सुनिश्चित कर लें कि इस भाषा परिशिष्ट पुस्तिका का संकेत, उत्तर पत्र के **पृष्ठ-2** एवं मुख्य परीक्षा पुस्तिका पर छपे संकेत से मिलता है । अगर यह भिन्न हो, तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ ।
6. इस परीक्षा पुस्तिका में **दो** भाग IV और V हैं, जिनमें **60** वस्तुनिष्ठ प्रश्न हैं, जो प्रत्येक 1 अंक का है :
   भाग-IV : भाषा-I (पंजाबी) (प्र. 91 से प्र. 120)
   भाग-V : भाषा-II (पंजाबी) (प्र. 121 से प्र. 150)
7. भाग-IV में भाषा-I के लिए 30 प्रश्न और भाग-V में भाषा-II के लिए 30 प्रश्न दिए गए हैं । इस परीक्षा पुस्तिका में केवल पंजाबी भाषा से संबंधित प्रश्न दिए गए हैं । **यदि भाषा-I और/या भाषा-II में आपके द्वारा चुनी गई भाषा(एँ) पंजाबी के अलावा है तो कृपया उस भाषा वाली परीक्षा पुस्तिका माँग लीजिए । जिन भाषाओं के प्रश्नों के उत्तर आप दे रहे हैं वह आवेदन पत्र में चुनी गई भाषाओं से अवश्य मेल खानी चाहिए ।**
8. **परीक्षार्थी भाग-V (भाषा-II) के लिए, भाषा सूची से ऐसी भाषा चुनें जो उनके द्वारा भाषा I (भाग-IV) में चुनी गई भाषा से भिन्न हो ।**
9. रफ कार्य परीक्षा पुस्तिका में इस प्रयोजन के लिए दी गई खाली जगह पर ही करें ।
10. सभी उत्तर केवल OMR उत्तर पत्र पर ही अंकित करें । अपने उत्तर ध्यानपूर्वक अंकित करें । उत्तर बदलने हेतु श्वेत रंजक का प्रयोग निषिद्ध है ।

## *INSTRUCTIONS FOR CANDIDATES*

1. This booklet is a supplement to the Main Test Booklet for those candidates who wish to answer **EITHER** Part IV (Language I) **OR** Part V (Language II) in **PUNJABI** language, but **NOT BOTH**.
2. Candidates are required to answer Part I and Part II **OR** III from the Main Test Booklet and Parts IV and V from the languages chosen by them.
3. Questions on English and Hindi languages for Part IV and Part V have been given in the Main Test Booklet. Language Supplements can be asked for separately.
4. Use **Black/Blue Ball Point Pen only** for writing particulars on this page / marking responses in the Answer Sheet.
5. The CODE for this Language Booklet is **W**. Make sure that the CODE printed on **Side-2** of the Answer Sheet and on your Main Test Booklet is the same as that on this Language Supplement Test Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **two** Parts, IV and V, consisting of **60** Objective Type Questions, each carrying 1 mark :
   Part-IV : Language-I (Punjabi) (Q. 91 to Q. 120)
   Part-V : Language-II (Punjabi) (Q. 121 to Q. 150)
7. Part-IV contains 30 questions for Language-I and Part-V contains 30 questions for Language-II. In this Test Booklet, only questions pertaining to Punjabi language have been given. **In case the language/s you have opted for as Language-I and/or Language-II is a Language other than Punjabi, please ask for a Test Booklet that contains questions on that language. The language being answered must tally with the languages opted for in your Application Form.**
8. **Candidates are required to attempt questions in Part -V (Language-II) in a language other than the one chosen as Language-I (in Part-IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

परीक्षार्थी का नाम (बड़े अक्षरों में) : ______
Name of the Candidate (in Capitals) :
अनुक्रमांक : (अंकों में) ______
Roll Number : in figures
: (शब्दों में) ______
: in words
परीक्षा केन्द्र (बड़े अक्षरों में) : ______
Centre of Examination (in Capitals) :
परीक्षार्थी के हस्ताक्षर : ______ निरीक्षक के हस्ताक्षर : ______
Candidate's Signature : Invigilator's Signature :
Facsimile signature stamp of
Centre Superintendent ______

W

www.prepp.in



**Lang. Code : 15**

ਇਸ ਪੁਸਤਿਕਾ ਵਿੱਚ 20 ਪੰਨੇ ਹਨ ।

# TAJ 19-II

## ਪੇਪਰ II
## ਪੰਜਾਬੀ ਭਾਸ਼ਾ ਪੂਰਕ
## ਭਾਗ IV & V

ਪਰੀਖਿਆ ਪੁਸਤਿਕਾ ਸੰਕੇਤ

**W**

**ਇਸ ਪਰੀਖਿਆ-ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ ।**
**ਇਸ ਪਰੀਖਿਆ-ਪੁਸਤਿਕਾ ਦੇ ਪਿੱਛਲੇ ਪੰਨੇ (19 & 20) 'ਤੇ ਦਿੱਤੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ।**
**ਪਰੀਖਿਆਰਥੀਆਂ ਲਈ ਨਿਰਦੇਸ਼ :**

1. ਇਹ ਪੁਸਤਿਕਾ ਮੁੱਖ ਪ੍ਰਸ਼ਨ-ਪੁਸਤਿਕਾ ਦੀ ਇੱਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ **ਜਾਂ** ਤਾਂ ਭਾਗ IV (ਭਾਸ਼ਾ I) **ਜਾਂ** ਭਾਗ V (ਭਾਸ਼ਾ II) **ਪੰਜਾਬੀ** ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ **ਦੋਨਾਂ ਵਿੱਚ ਨਹੀਂ** ।
2. ਪਰੀਖਿਆਰਥੀ ਭਾਗ I ਅਤੇ ਭਾਗ II ਜਾਂ III ਦੇ ਉੱਤਰ ਮੁੱਖ ਪਰੀਖਿਆ-ਪੁਸਤਿਕਾ ਵਿੱਚੋਂ ਦੇਣ ਅਤੇ ਭਾਗ IV ਅਤੇ V ਦੇ ਉੱਤਰ ਉਨ੍ਹਾਂ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ ।
3. ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਦਿੱਤੇ ਪ੍ਰਸ਼ਨ ਮੁੱਖ ਪਰੀਖਿਆ-ਪੁਸਤਿਕਾ ਵਿੱਚ ਭਾਗ IV ਅਤੇ ਭਾਗ V ਵਿੱਚ ਦਿੱਤੇ ਗਏ ਹਨ । ਪੂਰਕ ਭਾਸ਼ਾ ਲਈ ਤੁਸੀਂ ਅਲਗ ਤੋਂ ਮੰਗ ਸਕਦੇ ਹੋਂ ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ ਉੱਤਰ-ਪੱਤਰ ਤੇ ਨਿਸ਼ਾਨ ਲਗਾਉਣ ਲਈ **ਕੇਵਲ ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਦਾ ਹੀ ਇਸਤੇਮਾਲ ਕਰੋ ।
5. ਇਸ ਭਾਸ਼ਾ-ਪੁਸਤਿਕਾ ਦਾ **ਸੰਕੇਤ** ਹੈ **W**. ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ-ਪੁਸਤਿਕਾ ਦਾ ਸੰਕੇਤ, ਉੱਤਰ-ਪੱਤਰ ਦੇ **ਪੰਨਾ-2** ਅਤੇ ਮੁੱਖ ਪਰੀਖਿਆ-ਪੁਸਤਿਕਾ ਉੱਤੇ ਛਪੇ ਸੰਕੇਤ ਨਾਲ ਮਿਲਦਾ ਹੈ । ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ ਭਾਸ਼ਾ ਦੀ ਦੂਜੀ ਪਰੀਖਿਆ-ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੋ ।
6. ਇਸ ਪਰੀਖਿਆ-ਪੁਸਤਿਕਾ ਵਿੱਚ **ਦੋ** ਭਾਗ IV ਅਤੇ V ਹਨ, ਜਿਸ ਵਿੱਚ **60** ਵਸਤੂਪਰਕ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ :
   ਭਾਗ IV : ਭਾਸ਼ਾ I – (ਪੰਜਾਬੀ) *(ਪ੍ਰ. 91 ਤੋਂ ਪ੍ਰ. 120)*
   ਭਾਗ V : ਭਾਸ਼ਾ II – (ਪੰਜਾਬੀ) *(ਪ੍ਰ. 121 ਤੋਂ ਪ੍ਰ. 150)*
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ ਵੀ 30 ਪ੍ਰਸ਼ਨ ਦਿੱਤੇ ਗਏ ਹਨ । ਇਸ ਪਰੀਖਿਆ-ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ । **ਅਗਰ ਭਾਸ਼ਾ I ਅਤੇ/ਜਾਂ II ਵਿੱਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ (ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ ਆਪਣੀ ਚੁਣੀ ਭਾਸ਼ਾ ਵਾਲੀ ਪਰੀਖਿਆ-ਪੁਸਤਿਕਾ ਮੰਗ ਲਓ । ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦੀਆਂ ਹਨ ।**
8. **ਪਰੀਖਿਆਰਥੀ ਭਾਗ V (ਭਾਸ਼ਾ II) ਲਈ, ਭਾਸ਼ਾ ਸੂਚੀ ਵਿੱਚੋਂ ਅਜਿਹੀ ਭਾਸ਼ਾ ਚੁਣੋ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ ।**
9. ਪ੍ਰਸ਼ਨ-ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੰਮ ਕਰੋ ।
10. ਸਾਰੇ ਉੱਤਰ ਕੇਵਲ ਓ.ਐੱਮ.ਆਰ. (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ । ਆਪਣੇ ਉੱਤਰਾਂ ਤੇ ਧਿਆਨ ਨਾਲ ਨਿਸ਼ਾਨ ਲਗਾਓ । ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ ।

ਪਰੀਖਿਆਰਥੀ ਦਾ ਨਾਂ (ਵੱਡੇ ਅਖਰਾਂ ਵਿੱਚ) : ____________________

ਰੋਲ ਨੰਬਰ : ਅੰਕਾ ਵਿੱਚ ____________________

: ਸ਼ਬਦਾਂ ਵਿੱਚ ____________________

ਪਰੀਖਿਆ ਕੇਂਦਰ (ਵੱਡੇ ਅਖਰਾਂ ਵਿੱਚ) : ____________________

ਪਰੀਖਿਆਰਥੀ ਦੇ ਦਸਤ਼ਤ : ____________ ਨਿਰੀਖਿਅਕ ਦੇ ਦਸਖਤ : ____________

Facsimile signature stamp of
Centre Superintendent : ____________________

www.prepp.in



Prepp Your Personal Exams Guide

ਉਮੀਦਵਾਰ **ਭਾਗ-IV** ਦੇ ਪ੍ਰਸ਼ਨ (ਪ੍ਰ.ਨੰ. **91-120)** ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ-I** ਚੋਣ ਕੀਤੀ ਹੈ ।

Candidates should attempt the questions from **Part-IV [Q. No. 91 – 120]**, if they have opted **PUNJABI** as **LANGUAGE – I** only.

www.prepp.in



Prepp
Your Personal Exams Guide

# ਭਾਗ – IV

## ਭਾਸ਼ਾ – I

## ਪੰਜਾਬੀ

**ਉਮੀਦਵਾਰ ਭਾਗ-IV ਦੇ ਪ੍ਰਸ਼ਨ (ਪ੍ਰ.ਨੰ. 91-120) ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ ਪੰਜਾਬੀ ਭਾਸ਼ਾ-I ਚੋਣ ਕੀਤੀ ਹੈ ।**

**ਨਿਰਦੇਸ਼ : ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (ਪ੍ਰ.ਨੰ. 91 ਤੋਂ 99) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਉ :**

ਝੂਠ ਬੋਲਣਾ ਪਾਪ ਮੰਨਿਆ ਗਿਆ ਹੈ ਤੇ ਸੱਚ ਬੋਲਣਾ ਇੱਕ ਵੱਡਾ ਧਰਮ । ਇਸ ਸਿੱਟੇ ਨੂੰ ਸਦਾਚਾਰਕ ਦ੍ਰਿਸ਼ਟੀਕੋਣ ਤੋਂ ਕੋਈ ਸਮਝਦਾਰ ਮਨੁੱਖ ਖੰਡਨ ਕਰਨ ਦਾ ਜਤਨ ਭਲਾ ਕਿਉਂ ਕਰੇਗਾ ? ਪਰ ਫਿਰ ਇਸ ਸਿਧਾਂਤ ਬਾਰੇ ਕਈ ਅਜਿਹੀਆਂ ਗੱਲਾਂ ਹਨ, ਜਿਨ੍ਹਾਂ ਨੂੰ ਆਖੇ ਬਿਨਾਂ ਜ਼ਬਾਨ ਨਹੀਂ ਰੁਕ ਸਕਦੀ ਤੇ ਜਿਨ੍ਹਾਂ ਨੂੰ ਵਰਨਣ ਕਰਨਾ ਮਨੁੱਖ-ਸੋਝੀ ਦੇ ਵਾਧੇ ਲਈ ਜ਼ਰੂਰੀ ਹੈ, ਭਾਵੇਂ ਉਨ੍ਹਾਂ ਨੂੰ ਸਦਾਚਾਰ ਲਈ ਹਾਨੀਕਾਰਕ ਹੀ ਗਿਣਿਆ ਜਾਏ । ਝੂਠ ਮਿੱਠਾ ਹੁੰਦਾ ਹੈ – ਇਸਨੂੰ ਬਜ਼ੁਰਗਾਂ ਨੇ ਮੰਨਿਆ ਹੈ । ਸਿਆਣਿਆਂ ਦਾ ਕਥਨ ਹੈ, 'ਸੱਚ ਮਿਰਚਾਂ ਤੇ ਝੂਠ ਗੁੜ' । ਕਿਸੇ ਭੈੜੇ ਆਦਮੀ ਨੂੰ ਭੈੜਾ ਕਹੋ, ਜ਼ਾਲਮ ਨੂੰ ਜ਼ਾਲਮ ਤੇ ਮੂਰਖ ਨੂੰ ਮੂਰਖ, ਤਾਂ ਉਹ ਸੁਣ ਕੇ ਕ੍ਰੋਧਵਾਨ ਹੋਵੇਗਾ ਅਤੇ ਸਮਰਥਾ ਅਨੁਸਾਰ ਏਸ ਅਣਭਾਉਣੇ ਸੱਚ ਬੋਲਣ ਵਾਲੇ ਨੂੰ ਕਸ਼ਟ ਦੇਣ ਦਾ ਜਤਨ ਕਰੇਗਾ । ਏਸੇ ਲਈ ਪੁਰਾਣੇ ਸਮਿਆਂ ਵਿੱਚ ਜਦ ਕਦੀ ਰਾਜਿਆਂ ਤੇ ਰਈਸਾਂ ਨੂੰ ਉਨ੍ਹਾਂ ਦੀ ਕਿਸੇ ਗ਼ਲਤੀ ਦੀ ਚਿਤਾਵਨੀ ਦੇਣੀ ਹੁੰਦੀ ਸੀ, ਤਾਂ ਉਨ੍ਹਾਂ ਦੇ ਦਰਬਾਰੀ ਨਿਕਟਵਰਤੀ ਕਿਸੇ ਸੁੰਦਰ ਜਾਂ ਮਨੋਰੰਜਕ ਝੂਠੇ ਸਵਾਂਗ ਰਾਹੀਂ ਉਨ੍ਹਾਂ ਦਾ ਧਿਆਨ ਇਸ ਪਾਸੇ ਖਿੱਚਦੇ ਸਨ ।

**91. ਸਦਾਚਾਰ ਅਨੁਸਾਰ ਸਭ ਤੋਂ ਵੱਡਾ ਧਰਮ ਕਿਹੜਾ ਹੈ ?**

(1) ਸੱਚ ਬੋਲਣਾ

(2) ਹੇਰਾਫੇਰੀਆਂ ਕਰਨੀਆਂ

(3) ਠੱਗੀਆਂ ਮਾਰਨੀਆਂ

(4) ਝੂਠ ਬੋਲਣਾ

**92. ਉਪਰੋਕਤ ਪੈਰੇ ਵਿਚ 'ਗੁੜ' ਕਿਸ ਨੂੰ ਆਖਿਆ ਗਿਆ ਹੈ ?**

(1) ਝੂਠ ਨੂੰ

(2) ਸੱਚ ਨੂੰ

(3) ਬਦਲੇ ਨੂੰ

(4) ਨਿਮਰਤਾ ਨੂੰ

**93. ਜ਼ਾਲਮ ਨੂੰ ਜ਼ਾਲਮ ਕਹਿਣ ਨਾਲ ਉਹ ਕਿਹੋ-ਜਿਹਾ ਵਿਵਹਾਰ ਕਰੇਗਾ ?**

(1) ਗਦ-ਗਦ ਹੋ ਜਾਵੇਗਾ

(2) ਝੂਠ ਬੋਲਣਾ ਛੱਡ ਦੇਵੇਗਾ

(3) ਕ੍ਰੋਧਵਾਨ ਹੋਵੇਗਾ

(4) ਸਵਾਂਗ ਰਚਾਏਗਾ

www.prepp.in



**94. ਭੈੜਾ, ਮੂਰਖ ਤੇ ਜ਼ਾਲਮ ਵਿਅਕਤੀ ਆਪਣੇ ਬਾਰੇ ਅਜਿਹਾ ਸੱਚ ਬੋਲਣ ਵਾਲੇ ਨਾਲ ਕਿਸ ਤਰ੍ਹਾਂ ਪੇਸ਼ ਆਵੇਗਾ ?**

(1) ਉਸ ਨੂੰ ਕਸ਼ਟ ਦੇਣ ਦਾ ਜਤਨ ਕਰੇਗਾ ।

(2) ਉਸ ਨੂੰ ਮਾਫ਼ ਕਰ ਦੇਵੇਗਾ ।

(3) ਅਣਸੁਣਿਆਂ ਕਰ ਦੇਵੇਗਾ ।

(4) ਉਸ ਦੀ ਪੁਲਿਸ ਕੋਲ ਸ਼ਿਕਾਇਤ ਕਰੇਗਾ ।

**95. 'ਹਾਨੀਕਾਰਕ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ :**

(1) ਨੁਕਸਾਨਦਾਇਕ

(2) ਘਾਟਾ

(3) ਨਿਕਟਵਰਤੀ

(4) ਲਾਭਦਾਇਕ

**96. ਰਾਜਿਆਂ ਤੇ ਰਾਈਸਾਂ ਨੂੰ ਉਨ੍ਹਾਂ ਦੀ ਗ਼ਲਤੀ ਦੀ ਚਿਤਾਵਨੀ ਦਣੇ ਲਈ ਕਿਹੜਾ ਢੰਗ ਅਪਣਾਇਆ ਜਾਂਦਾ ਸੀ ?**

(1) ਚਿੱਠੀ ਪਾਉਣ ਦਾ

(2) ਸਵਾਂਗ ਦਾ

(3) ਪਰਜਾ ਰਾਹੀਂ ਸੁਨੇਹਾਂ ਦੇਣ ਦਾ

(4) ਵਜ਼ੀਰਾਂ ਰਾਹੀਂ ਸੁਨੇਹਾ ਦੇਣ ਦਾ

**97. 'ਨਿਕਟਵਰਤੀ' ਸ਼ਬਦ ਦਾ ਸਮਾਨਾਰਥਕ ਚੁਣੋ :**

(1) ਦੂਰ ਦਾ

(2) ਨਜ਼ਦੀਕੀ

(3) ਸੱਚਾ

(4) ਝੂਠਾ

**98. ਸਦਾਚਾਰ ਵਿਚ ਝੂਠ ਬੋਲਣ ਨੂੰ ਕੀ ਕਿਹਾ ਗਿਆ ਹੈ ?**

(1) ਪੁੰਨ

(2) ਪਾਪ

(3) ਨਿਮਰਤਾ

(4) ਸੇਵਾ

**99. ਸਿਆਣਿਆਂ ਨੇ ਸੱਚ ਨੂੰ ਕੀ ਆਖਿਆ ਹੈ ?**

(1) ਨਮਕ

(2) ਗੁਣ

(3) ਖੰਡ

(4) ਮਿਰਚਾਂ

www.prepp.in



Prepp
Your Personal Exams Guide

**ਹੇਠਾਂ ਦਿੱਤੀ ਕਾਵਿ-ਟੁਕੜੀ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (100 ਤੋਂ 105) ਤੱਕ ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਉ :**

ਦੌੜੀ ਨੇ ਇਕ ਮੁੱਠੀ ਭਰ ਲੀਤੀ,
ਇਸ ਵਿਚ ਕੀ ਕੀ ਆਇਆ –
ਪਰਬਤ, ਟਿੱਬੇ ਅਤੇ ਕਰੇਵੇ*
ਵਿਚ ਮੈਦਾਨ ਸੁਹਾਇਆ,
ਚਸ਼ਮੇ, ਨਾਲੇ, ਨਦੀਆਂ, ਝੀਲਾਂ,
ਨਿੱਕੇ ਜਿਵੇਂ ਸਮੁੰਦਰ,
ਠੰਢੀਆਂ ਛਾਵਾਂ, ਮਿਠੀਆਂ ਹਵਾਵਾਂ,
ਬਨ ਬਾਗਾਂ ਜਿਹੇ ਸੁੰਦਰ ।
ਬਰਫਾਂ, ਮੀਂਹ, ਧੁੱਪਾਂ ਤੇ ਬੱਦਲ
ਰੁੱਤਾਂ ਮੇਵੇ ਪਯਾਰੇ,
ਅਰਸ਼ੀ ਨਾਲ ਨਜਾਰੇ ਆਏ
ਉਸ ਮੁੱਠੀ ਵਿਚ ਸਾਰੇ ।
ਸੁਹਣੀ ਨੇ ਅਸਮਾਨ ਖੜੋਕੇ
ਧਰਤੀ ਵਲ ਤਕਾਕੇ,
ਇਹ ਮੁੱਠੀ ਖੁਹਲੀ ਤੇ ਸਟਿਆ
ਸਭ ਕੁਝ ਹੇਠ ਤਕਾਕੇ ।
ਜਿਸ ਥਾਵੇ ਧਰਤੀ ਤੇ ਆਕੇ,
ਇਹ ਮੁੱਠ ਡਿੱਗੀ ਸਾਰੀ –
ਓਸ ਥਾਉਂ 'ਕਸ਼ਮੀਰ' ਬਣ ਗਿਆ
ਟੁਕੜੀ ਜੱਗ ਤੋਂ ਨਯਾਰੀ ।

**100. ਜੱਗ ਤੋਂ ਨਿਆਰੀ ਟੁੱਕੜੀ ਕਿਸ ਨੂੰ ਆਖਿਆ ਗਿਆ ਹੈ ?**

(1) ਕਸ਼ਮੀਰ ਨੂੰ

(2) ਮੈਦਾਨ ਨੂੰ

(3) ਆਕਾਸ਼ ਨੂੰ

(4) ਟਿੱਬਿਆਂ ਨੂੰ

**101. ਸੁਹਣੀ ਕਿੱਥੇ ਖੜ੍ਹੀ ਹੋਈ ਸੀ ?**

(1) ਪਤਾਲ ਵਿਚ

(2) ਆਸਮਾਨ ਉੱਪਰ

(3) ਧਰਤੀ ਉੱਪਰ

(4) ਨਦੀ ਕਿਨਾਰੇ

**102. ਧਰਤੀ ਉੱਪਰ ਮੁੱਠੀ ਦੇ ਡਿੱਗਣ ਨਾਲ ਕੀ ਹੋਇਆ ?**

(1) ਭੂਚਾਲ ਆ ਗਿਆ

(2) ਧਰਤੀ ਵਿਚ ਤਰੇੜਾਂ ਪੈ ਗਈਆਂ

(3) ਕਸ਼ਮੀਰ ਬਣ ਗਿਆ

(4) ਧਰਤੀ ਉੱਪਰ ਹੜ੍ਹ ਆ ਗਿਆ

www.prepp.in



Prepp Your Personal Exams Guide

**103. ਕਵਿਤਾ ਵਿਚੋਂ ਕਿਹੋ ਜਿਹਾ ਭਾਵ ਉਭਰਦਾ ਹੈ ?**

(1) ਕਲਪਨਾ ਵਾਲਾ

(2) ਯਥਾਰਥਕ

(3) ਕਰੁਣਾਮਈ

(4) ਹਾਸਰਸੀ

**104. 'ਨਯਾਰੀ' ਸ਼ਬਦ ਤੋਂ ਕੀ ਭਾਵ ਹੈ ?**

(1) ਆਮ

(2) ਵੱਖਰੀ

(3) ਸਾਧਾਰਨ

(4) ਮੁੱਠੀ

**105. ਸੁਹਣੀ ਨੇ ਆਪਣੀ ਮੁੱਠੀ ਕਿੱਥੇ ਸੁੱਟੀ ?**

(1) ਆਸਮਾਨ ਉੱਪਰ

(2) ਆਕਾਸ਼ ਵਿਚ

(3) ਧਰਤੀ ਉੱਪਰ

(4) ਅੰਬਰ ਵਿੱਚ

**106. ਕਵਿਤਾ ਪੜ੍ਹਾਉਣ ਸਮੇਂ ਹੇਠ ਲਿਖਿਆਂ ਵਿਚੋਂ ਕਿਹੜਾ ਸਭ ਤੋਂ ਵੱਧ ਮਹੱਤਵਪੂਰਨ ਹੈ ?**

(1) ਹਰ ਕਵਿਤਾ ਦਾ ਇਕ ਨਿਸ਼ਚਿਤ ਅਰਥ ਹੁੰਦਾ ਹੈ ।

(2) ਕਵਿਤਾ ਦੇ ਇਕ ਤੋਂ ਵੱਧ ਅਰਥ ਹੁੰਦੇ ਹਨ ।

(3) ਕਵਿਤਾ ਸਮਾਜਕ ਮਸਲਿਆਂ ਨੂੰ ਪ੍ਰਤੀਬਿੰਬਤ ਨਹੀਂ ਕਰਦੀ ।

(4) ਕਵਿਤਾ ਕਿਸੇ ਵੀ ਭਾਵੁਕ ਪੱਖ ਨੂੰ ਪ੍ਰਤੀਬਿੰਬਤ ਨਹੀਂ ਕਰਦੀ ।

**107. ਇਕ ਅਧਿਆਪਕ ਰਿਪੋਟਰ-ਲੇਖਣ ਪੜ੍ਹਾਉਣ ਸਮੇਂ ਅਖ਼ਬਾਰ ਵਿਚ ਛਪੀਆਂ ਖ਼ਬਰਾਂ ਦੀਆਂ ਕੁੱਝ ਕਾਤਰਾਂ ਵਿਦਿਆਰਥੀਆਂ ਨੂੰ ਵੰਡ ਦਿੰਦਾ ਹੈ । ਉਹ ਉਨ੍ਹਾਂ ਨੂੰ ਖ਼ਬਰ ਪੜ੍ਹ ਕੇ ਉਨ੍ਹਾਂ ਬਾਰੇ ਆਪਣੇ ਵਿਚਾਰ ਲਿਖਣ ਲਈ ਕਹਿੰਦਾ ਹੈ । ਅਧਿਆਪਕ ਵੱਲੋਂ ਜਮਾਤ ਵਿਚ ਅਖ਼ਬਾਰ ਦੀ ਕਾਤਰ ਦੀ ਵਰਤੋਂ ਹੈ –**

(1) ਟੀਚਿੰਗ ਏਡ

(2) ਲਰਨਿੰਗ ਏਡ

(3) ਅਧਿਐਨ ਅਧਿਆਪਨ ਸਾਮੱਗਰੀ

(4) ਅਧਿਆਪਨ ਵਿਧੀ ਅਤੇ ਯੋਜਨਾ

**108. ਭਾਰਤ ਵਿਚ ਕਿੰਨੇ ਭਾਸ਼ਾ-ਪਰਿਵਾਰ ਹਨ ?**

(1) ਚਾਰ

(2) ਛੇ

(3) ਅੱਠ

(4) ਦਸ

www.prepp.in



109. ਭਾਸ਼ਾ ਦੀ ਇਕ ਜਮਾਤ ਵਿਚ ਭਾਸ਼ਾ ਅਧਿਆਪਨ ਦੀ ਕਿਹੜੀ ਵਿਧੀ ਮਾਂ-ਬੋਲੀ ਦੀ ਵਰਤੋਂ ਨੂੰ ਖਾਰਿਜ ਕਰਦੀ ਹੈ ?

(1) ਡਾਇਰੈਕਟ ਮੈਥਡ

(2) ਆਡੀਓਲਿੰਗੁਅਲ ਮੈਥਡ

(3) ਇਮਰਸ਼ਨ ਮੈਥਡ

(4) ਨੈਚਰਲ ਮੈਥਡ

110. ਭਾਸ਼ਾ ਨੂੰ ਪੜ੍ਹਾਉਂਦਿਆਂ ਇਕ ਅਧਿਆਪਕ ਵਿਗਿਆਨ ਤੇ ਸਮਾਜ ਵਿਗਿਆਨ ਵਿਚੋਂ ਉਦਾਹਰਨਾ ਦਿੰਦਾ ਹੈ । ਇਸ ਤਰ੍ਹਾਂ ਦੀ ਪਹੁੰਚ ਨੂੰ ਕਿਹਾ ਜਾਂਦਾ ਹੈ –

(1) ਵਿਗਿਆਨ ਤੇ ਭਾਸ਼ਾ ਅਧਿਆਪਨ

(2) ਪਾਠਕ੍ਰਮ ਤੋਂ ਪਾਰ ਭਾਸ਼ਾ

(3) ਟੀ ਪੀ ਆਰ ਪਹੁੰਚ

(4) ਸੀ ਐੱਲ ਟੀ ਪਹੁੰਚ

111. ਭਾਸ਼ਾ ਦੀ ਸਿਖਲਾਈ ਉੱਤੇ ਬੋਧਿਕ ਪੱਖ ਜ਼ੋਰ ਦਿੰਦਾ ਹੈ ਕਿ –

(1) ਗ਼ਲਤੀਆਂ ਭਾਸ਼ਾ ਦੀ ਸਿਖਲਾਈ ਪ੍ਰਕਿਰਿਆ ਦਾ ਇੱਕ ਹਿੱਸਾ ਹਨ ।

(2) ਆਦਤ ਪਾਉਣ ਦੀ ਪ੍ਰਕਿਰਿਆ ਭਾਸ਼ਾ ਸਿੱਖਣ ਵਿਚ ਸਹਾਇਤਾ ਕਰਦੀ ਹੈ ।

(3) ਅਧਿਆਪਕ ਨੂੰ ਯਾਦ ਕਰਾਉਣ ਅਤੇ ਸੰਵਾਦਾਂ ਨੂੰ ਦੁਹਰਾਉਣ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ ।

(4) ਗ਼ਲਤੀਆਂ ਜਿੰਨਾ ਛੇਤੀ ਹੋ ਸਕੇ ਦਰੁਸਤ ਕਰ ਲੈਣੀਆਂ ਚਾਹੀਦੀਆਂ ਹਨ ਨਹੀਂ ਤਾਂ ਉਹ ਬੱਚੇ ਦੇ ਮਨ ਅੰਦਰ ਘਰ ਕਰ ਲੈਣਗੀਆਂ ।

112. ਇਕ ਅਧਿਆਪਕ ਸਿਖਿਆਰਥੀਆਂ ਦੀ ਮਾੜੀ ਕਾਰਗੁਜ਼ਾਰੀ ਦੇ ਕਾਰਨ ਦਾ ਪਤਾ ਲਾਉਣ ਲਈ ਕਿਹੜਾ ਟੈਸਟਤਿਆਰ ਕਰਦਾ ਹੈ ?

(1) ਪਰਾਫ਼ੀਸ਼ਿਐਂਸੀ ਟੈਸਟ

(2) ਡਾਇਗਨੌਸਟਿਕ ਟੈਸਟ

(3) ਅਚੀਵਮੈਂਟ ਟੈਸਟ

(4) ਸਮੇਟਿਵ ਟੈਸਟ

113. ਛੇਵੀਂ ਜਮਾਤ ਦੇ ਭਾਸ਼ਾ ਦੇ ਇਕ ਅਧਿਆਪਕ ਨੂੰ ਭਾਸ਼ਾ ਦੇ ਟੈਸਟ ਪੇਪਰਾਂ ਦੀ ਜਾਂਚ ਕਰਨ ਮਗਰੋਂ ਪਤਾ ਲਗਦਾ ਹੈ ਕਿ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਚੰਗੀ ਨਹੀਂ । ਫਿਰ ਉਹ ਇਕ ਹੋਰ ਟੈਸਟ ਦਾ ਪ੍ਰਬੰਧ ਕਰਦਾ ਹੈ । ਇਸ ਟੈਸਟ ਨੂੰ ਕੀ ਆਖਿਆ ਜਾਵੇਗਾ ।

(1) ਫਾਰਮੇਟਿਵ ਟੈਸਟ

(2) ਸਮੇਟਿਵ ਟੈਸਟ

(3) ਡਾਇਗਨੌਸਟਿਕ ਟੈਸਟ

(4) ਕਮਿਊਲੇਟਿਵ ਟੈਸਟ

114. ਭਾਸ਼ਾ ਦਾ ਇਕ ਅਧਿਆਪਕ ਜਮਾਤ ਨੂੰ ਪੜ੍ਹਾਉਣ ਮਗਰੋਂ ਆਪਣੀ ਡਾਇਰੀ ਵਿਚ ਲਿਖਦਾ ਹੈ, "ਵਿਦਿਆਰਥੀਆਂ ਨੂੰ ਭਾਸ਼ਾ ਦੀ ਖੇਡ ਬਹੁਤ ਦਿਲਚਸਪ ਲੱਗੀ ਤੇ ਉਨ੍ਹਾਂ ਨੇ ਸਰਗਰਮੀ ਨਾਲ ਹਿੱਸਾ ਲਿਆ । ਪਰ ਗਰੁੱਪ ਤਿੰਨ ਨੇ ਲੋੜੀਦੇ ਨਤੀਜੇ ਉੱਪਰ ਪਹੁੰਚਣ ਲਈ ਸੰਘਰਸ਼ ਕੀਤਾ । ਇਹ ਉਸ ਦੀ _____ ਉਦਾਹਰਨ ਹੈ ?"

(1) ਮੁਲਾਂਕਣ ਕਰਨ ਦੀ

(2) ਕਥਾਵਾਂ ਇਕੱਤਰ ਕਰਨ ਦੀ

(3) ਪ੍ਰਤੀਕਿਰਿਆਤਮਕ ਚਿੰਤਨ ਕਰਨ ਦੀ

(4) ਨਿਰੀਖਣ ਕਰਨ ਦੀ

www.prepp.in



**115. ਭਾਸ਼ਾ ਦਾ ਇਕ ਨਿਪੁੰਨ ਅਧਿਆਪਕ ____**

(1) ਬੱਚਿਆਂ ਨੂੰ ਪਾਠ-ਪੁਸਤਕਾਂ ਵਿਚ ਦਿੱਤੇ ਸਾਰੇ ਪ੍ਰਸ਼ਨਾਂ ਦੇ ਉੱਤਰ ਯਾਦ ਕਰਵਾਏਗਾ ।

(2) ਪਾਠ-ਪੁਸਤਕ ਦੀ ਵਰਤੋਂ ਕਰੇਗਾ ਅਤੇ ਇਸ ਤੋਂ ਇਲਾਵਾ ਵੀ ਪੜ੍ਹਾਏਗਾ ।

(3) ਸਿਰਫ਼ ਪਾਠ-ਪੁਸਤਕਾਂ ਉੱਪਰ ਆਧਾਰਿਤ ਪ੍ਰਸ਼ਨ-ਪੱਤਰ ਤਿਆਰ ਕਰੇਗਾ ।

(4) ਨਿਰਧਾਰਿਤ ਪਾਠ-ਪੁਸਤਕ ਤੋਂ ਬਾਹਰ ਨਹੀਂ ਜਾਵੇਗਾ ।

**116. ਭਾਸ਼ਾ ਸਿੱਖਣ ਲਈ ਹੇਠ ਲਿਖਿਆਂ ਵਿਚੋਂ ਕਿਹੜਾ ਸਭ ਤੋਂ ਵੱਧ ਮਹੱਤਵਪੂਰਨ ਹੈ ?**

(1) ਪਾਠ-ਪੁਸਤਕ

(2) ਸਪਲੀਮੈਂਟਰੀ ਰੀਡਰ

(3) ਬਾਲ-ਸਾਹਿਤ

(4) ਐਕਟੀਵਿਟੀ ਸ਼ੀਟ

**117. ਹੇਠ ਲਿਖਿਆਂ ਵਿਚੋਂ ਕਿਹੜਾ ਸਿਖਿਆਰਥੀਆਂ ਵਿਚ ਸਿਰਜਨਾਤਮਿਕਤਾ ਨੂੰ ਵਿਕਸਿਤ ਕਰੇਗਾ ?**

(1) ਇਮਤਿਹਾਨ ਵਿਚ ਚੰਗੇ ਨੰਬਰ ਹਾਸਲ ਕਰਨ ਲਈ ਵਿਦਿਆਰਥੀਆਂ ਨੂੰ ਕੋਚਿੰਗ ਦੇਣੀ ।

(2) ਉਨ੍ਹਾਂ ਦੇ ਅਨੁਭਵ ਅਨੁਸਾਰ ਲਿਖਣ ਦੀ ਖੁੱਲ੍ਹ ਦਾ ਮੌਕਾ ਦੇਣਾ ।

(3) ਵਿਦਿਆਰਥੀਆਂ ਨੂੰ ਨੈਤਿਕ ਆਧਾਰ ਵਾਲੀਆਂ ਕਹਾਣੀਆਂ ਲਿਖਣ ਤੇ ਪੜ੍ਹਨ ਲਈ ਕਹਿਣਾ ।

(4) ਵਿਦਿਆਰਥੀਆਂ ਨੂੰ ਸਿੱਖਣ ਵਿਚ ਰੁੱਚੀ ਪੈਦਾ ਕਰਨ ਲਈ ਕਹਿਣਾ ।

**118. ਭਾਸ਼ਾ ਵਿਚ ਮਾਈਂਡ ਮੈਪਿੰਗ ਤੋਂ ਭਾਵ ਹੈ –**

(1) ਮਨ ਦਾ ਚਿੱਤਰ ਬਣਾਉਣਾ ।

(2) ਕਹਾਣੀ ਜਾਂ ਕਵਿਤਾ ਵਿਚ ਦੱਸੇ ਗਏ ਇਲਾਕੇ ਦੇ ਨਕਸ਼ੇ ਦਾ ਚਿੱਤਰ ਬਣਾਉਣਾ ।

(3) ਵਿਦਿਆਰਥੀਆਂ ਨੂੰ ਇਕ ਸਾਹਸੀ ਕਾਰਜ ਯੋਜਨਾ ਬਣਾ ਕੇ ਸੌਂਪਣ ਲਈ ਕਹਿਣਾ ।

(4) ਵਿਦਿਆਰਥੀਆਂ ਨੂੰ ਨਵੇਂ ਵਿਚਾਰਾਂ ਨੂੰ ਇਕੱਤਰ ਕਰਨ ਜਾਂ ਬਣਾਉਣ ਤੇ ਉਨ੍ਹਾਂ ਦੇ ਸੰਬੰਧ ਸਥਾਪਤ ਕਰਨ ਲਈ ਕਹਿਣਾ ।

**119. ਲਿਖਣ ਕੌਸ਼ਲ ਵਿਕਸਿਤ ਕਰਨ ਲਈ ਕਿਹੜਾ ਬਹੁਤ ਮਹੱਤਵਪੂਰਨ ਹੈ ?**

(1) ਸੁੰਦਰ ਲਿਖਾਈ ਵਿਚ ਲਿਖਣਾ

(2) ਠੀਕ ਸ਼ਬਦ ਜੋੜਾਂ ਦੀ ਵਰਤੋਂ ਕਰਨੀ

(3) ਦਿੱਤੇ ਗਏ ਸਮੇਂ ਅਤੇ ਨਿਰਦੇਸ਼ਾਂ ਨੂੰ ਮੰਨਦਿਆਂ ਲਿਖਣਾ

(4) ਆਪਣੇ ਵਿਚਾਰਾਂ ਅਤੇ ਅਨੁਭਵਾਂ ਨੂੰ ਲਿਖਤ ਰਾਹੀਂ ਪ੍ਰਗਟ ਕਰਨਾ

**120. ਇਕ ਪੜ੍ਹਤ, ਜਿਸ ਵਿਚ ਮਨੋਰੰਜਨ ਲਈ ਸਿਖਿਆਰਥੀ ਦੀ ਪਾਠ-ਪੁਸਤਕਾਂ ਦੀ ਪੜ੍ਹਤ ਸ਼ਾਮਲ ਹੈ, ਲਈ ਆਮ ਪੜ੍ਹਤ ਕੌਸ਼ਲ ਨੂੰ ਵਿਕਸਿਤ ਕਰਨਾ ਹੈ –**

(1) ਇਨਟੈਂਸਿਵ ਰੀਡਿੰਗ

(2) ਐਕਸਟੈਂਸਿਟ ਰੀਡਿੰਗ

(3) ਪ੍ਰੀ ਰੀਡਿੰਗ

(4) ਪੋਸਟ ਰੀਡਿੰਗ

www.prepp.in



Your Personal Exams Guide

ਉਮੀਦਵਾਰ **ਭਾਗ-V** (ਪ੍ਰ.ਨੰ. **121-150)** ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ** ਨੂੰ **ਭਾਸ਼ਾ–II** ਵਜੋਂ ਚੁਣਿਆ ਹੈ ।

Candidates should attempt the questions from **Part-V [Q.No. 121 – 150]**, if they have opted **PUNJABI** as **LANGUAGE – II** only.

www.prepp.in



# ਭਾਗ – V
## ਭਾਸ਼ਾ – II
## ਪੰਜਾਬੀ

**ਉਮੀਦਵਾਰ ਭਾਗ-V (ਪ੍ਰ.ਨੰ. 121-150) ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ ਪੰਜਾਬੀ ਨੂੰ ਭਾਸ਼ਾ-II ਵਜੋਂ ਚੁਣਿਆ ਹੈ ।**

**ਨਿਰਦੇਸ਼ : ਹੇਠਾਂ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (121 ਤੋਂ 128) ਤੱਕ ਦੇ ਉੱਤਰ ਢੁੱਕਵੇ ਵਿਕਲਪਾਂ ਨਾਲ ਦਿਉ :**

ਵਤਨ ਦੇ ਪਿਆਰ ਦਾ ਮੁੱਢ ਘਰ, ਮਾਂ, ਭੈਣ ਤੇ ਬੱਚਿਆਂ ਦੀ ਮਾਂ ਦਾ ਗੂਹੜਾ ਸਾਦਾ ਪਰ ਅਸਗਾਹ ਜਿਹਾ ਖ਼ਸਮਾਨਾ । ਇਸ ਮੁੱਢ ਥੀਂ ਵਤਨ ਦੇ ਪਿਆਰ ਦਾ ਬ੍ਰਿਛ ਉਪਜਦਾ ਹੈ । ਜੇ ਜੜ੍ਹ ਹੀ ਨਾ ਹੋਵੇ, ਤਾਂ ਜ਼ਿੰਦਗੀ ਦਾ ਫੈਲਾਓ ਕਿਸ ਤਰ੍ਹਾਂ ਹੋ ਸਕਦਾ ਹੈ ? ਘਰ ਦਾ ਡੂੰਘਾ ਪਿਆਰ ਉਹਨਾਂ ਲੋਕਾਂ ਵਿਚ ਨਹੀਂ ਪੈ ਸਕਦਾ, ਜਿਨ੍ਹਾਂ ਨੇ ਇਹ ਵਿੱਦਿਆ ਪੜ੍ਹੀ ਹੋਵੇ ਕਿ ਪੰਜ ਇੰਦ੍ਰੀਆਂ ਦਾ ਜੀਵਨ ਹੀ ਇਕ ਦੁੱਖ ਰੂਪ ਹੈ, ਘਰ ਦਾ ਤਿਆਗ ਹੀ ਆਦਰਸ਼ ਹੈ ਤੇ ਇਸ ਦੁੱਖ ਦੀ ਨਿਵਿਰਤੀ ਵਿਚ ਹੀ ਕਲਿਆਣ ਹੈ । ਜਿਹੜੇ ਇਸ ਤਰ੍ਹਾਂ ਦੀ ਫ਼ਿਲਾਸਫ਼ੀ ਦੇ ਸਿਖਾਏ ਮਜ਼੍ਹਬ ਦੇ ਅੱਡੇ ਚੜ੍ਹੇ, ਉਹਨਾਂ ਨੂੰ ਘਰ ਦਾ ਮੋਹ, ਬਾਲ ਬੱਚੇ ਦਾ ਪਿਆਰ, ਮਾਂ-ਭੈਣ, ਇਸਤਰੀ ਦਾ ਸਤਿਕਾਰ ਪਾਪ ਜਿਹੇ ਭਾਸਦੇ ਹਨ । ਹਿੰਦੁਸਤਾਨ ਦੇ ਸੰਨਿਆਸੀ ਤੇ ਸਾਧ ਵੈਰਾਗ ਤਿਆਗ ਦੀ ਤਾਲੀਮ ਦਿੰਦੇ, ਇਸਤਰੀ ਜਾਤੀ ਨੂੰ ਤ੍ਰਿਸਕਾਰ ਕਰਨ ਦੇ ਢੰਗ ਸਿਖਾਂਦੇ ਆਏ, ਇਥੋਂ ਤੱਕ ਇਹ ਨਫ਼ਰਤ ਫੈਲੀ ਕਿ ਗੁਰੂ ਨਾਨਕ ਸਾਹਿਬ ਜੀ ਨੂੰ ਇਸ ਦੇ ਬਰਖ਼ਿਲਾਫ਼ ਜੰਗ ਕਰਨਾ ਪਿਆ । ਸਾਹਿਬ ਫ਼ਰਮਾਉਂਦੇ ਹਨ "ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ । ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ । ਭੰਡਿ ਮੁਆ ਭੰਡਿ ਭਾਲੀਐ, ਭੰਡੁ ਹੋਵੈ ਬੰਧਾਨੁ । ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।" ਘਰ ਦਾ ਜੀਵਨ ਤੇ ਵਤਨ ਦਾ ਪਿਆਰ ਇਸਤਰੀ ਜਾਤੀ ਦੇ ਬੇਹੱਦ ਸਤਿਕਾਰ ਤੇ ਪਿਆਰ ਦੇ ਬਿਨਾਂ ਜਿਉਂਦਾ ਨਹੀਂ ਰਹਿ ਸਕਦਾ ।

**121. ਘਰ ਦੇ ਤਿਆਗ ਨੂੰ ਆਦਰਸ਼ ਮੰਨਣ ਵਾਲਿਆਂ ਨੂੰ ਘਰ-ਪਰਿਵਾਰ ਕਿਹੋ-ਜਿਹਾ ਲੱਗਦਾ ਹੈ ?**

(1) ਬਹੁਤ ਗੁਣਕਾਰੀ

(2) ਪਾਪ ਵਰਗਾ

(3) ਸ਼ਲਾਘਾਯੋਗ

(4) ਬਹੁਤ ਵਧੀਆ

**122. ਸੰਨਿਆਸੀਆਂ ਤੇ ਸਾਧੂਆਂ ਦਾ ਔਰਤ ਪ੍ਰਤੀ ਰਵੱਈਆ ਕਿਹੋ ਜਿਹਾ ਸੀ ?**

(1) ਪ੍ਰਸੰਸਾਤਮਕ

(2) ਪ੍ਰਗਤੀਵਾਦੀ

(3) ਕਲਿਆਣਕਾਰੀ

(4) ਤ੍ਰਿਸਕਾਰਵਾਲਾ

www.prepp.in



Prepp
Your Personal Exams Guide

**123. ਔਰਤ ਦੇ ਸਤਿਕਾਰ ਲਈ ਕਿਸ ਨੇ ਆਵਾਜ਼ ਬੁਲੰਦ ਕੀਤੀ ?**

(1) ਗੁਰੂ ਨਾਨਕ ਦੇਵ ਜੀ ਨੇ

(2) ਸੰਨਿਆਸੀਆਂ ਨੇ

(3) ਸਾਧੂਆਂ ਨੇ

(4) ਸਿਆਸਤਦਾਨਾਂ ਨੇ

**124. ਇਸਤਰੀ ਜਾਤੀ ਦੇ ਸਤਿਕਾਰ ਤੋਂ ਬਿਨਾਂ ਕਿਸ ਦੀ ਹੋਂਦ ਖਤਰੇ ਵਿਚ ਹੈ ?**

(1) ਸੰਨਿਆਸੀਆਂ ਦੀ

(2) ਨੇਤਾਵਾਂ ਦੀ

(3) ਸਾਧੂਆਂ ਦੀ

(4) ਘਰ ਤੇ ਵਤਨ ਦੀ

**125. 'ਸੋ ਕਿਉ ਮੰਦਾ ਆਈਐ ਜਿਤੁ ਜੰਮਹਿ ਰਾਜਾਨ' ਤੁਕ ਵਿਚ ਕਿਸ ਦੇ ਹੱਕ ਦੀ ਗੱਲ ਕੀਤੀ ਗਈ ਹੈ ?**

(1) ਸੰਨਿਆਸਣ ਦੇ

(2) ਸਾਧੂਆਂ ਦੇ

(3) ਔਰਤ ਦੇ

(4) ਰਾਜਿਆਂ ਦੇ

**126. 'ਬ੍ਰਿਛ' ਦਾ ਸਮਾਨਾਰਥੀ ਸ਼ਬਦ ਚੁਣੋ :**

(1) ਪਿਆਰ

(2) ਰੁੱਖ

(3) ਤਾਲੀਮ

(4) ਕਲਿਆਣ

**127. 'ਔਰਤ' ਦਾ ਪੁਲਿੰਗ ਚੁਣੋ :**

(1) ਮਰਦ

(2) ਇਸਤਰੀ

(3) ਨਾਰੀ

(4) ਜਨਾਨੀ

**128. ਵਤਨ ਦੇ ਪਿਆਰ ਦੀ ਸ਼ੁਰੂਆਤ ਕਿਥੋਂ ਹੁੰਦੀ ਹੈ ?**

(1) ਮਾਂ, ਭੈਣ ਤੇ ਪਤਨੀ ਦੇ ਪਿਆਰ ਤੋਂ

(2) ਜਾਨਵਰਾਂ ਦੇ ਪਿਆਰ ਤੋਂ

(3) ਗੁਆਂਢੀਆਂ ਦੇ ਪਿਆਰ ਤੋਂ

(4) ਪਤੀ ਤੇ ਸਹੁਰੇ ਦੇ ਪਿਆਰ ਤੋਂ

Prepp Your Personal Exam Guide

www.prepp.in



Prepp
Your Personal Exams Guide

**ਨਿਰਦੇਸ਼ : ਹੇਠਾਂ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (129 ਤੋਂ 135) ਤੱਕ ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਉ :**

ਪੰਜਾਬੀਆਂ ਨੂੰ ਵੀਰਤਾ ਦੀ ਰੁਚੀ ਵਿਰਾਸਤ ਵਿਚ ਮਿਲੀ ਹੈ । ਸ਼ੁਰੂ ਤੋਂ ਹੀ ਇਨ੍ਹਾਂ ਨੂੰ ਭਾਰਤ ਉੱਤੇ ਧਾਵਾ ਕਰਨ ਆਏ ਧਾੜਵੀਆਂ ਨਾਲ ਲੋਹਾ ਲੈਣਾ ਪਿਆ ਹੈ । ਪ੍ਰਦੇਸੀ ਧਾੜਵੀਆਂ ਦੀ ਈਨ ਮੰਨਣੋ ਇਨਕਾਰੀ ਪੰਜਾਬੀ ਦੀ ਅਣਖ ਰੋਹ ਵਿਚ ਆ ਕੇ ਰਣ-ਭੂਮੀ ਵਿਚ ਵੀਰਤਾ ਦੇ ਹੱਥ ਵਿਖਾਉਂਦੀ ਰਹੀ । ਯੂਨਾਨੀਆਂ ਦੇ ਕਾਲ ਤੋਂ ਲੈ ਕੇ ਅੰਗਰੇਜ਼ੀ ਰਾਜ ਦੀ ਸਥਾਪਤੀ ਤੱਕ ਪੰਜਾਬੀਆਂ ਨੂੰ ਆਪਣੇ ਵੈਰੀਆਂ ਵਿਰੁੱਧ ਬੇਅੰਤ ਵਾਰ ਤੇਗ਼ਾਂ ਵਾਹੁਣੀਆਂ ਪਈਆਂ ਹਨ । 'ਪੰਜਾਬ ਦੇ ਜਾਇਆਂ ਨੂੰ ਨਿੱਤ ਮੁਹਿੰਮਾਂ' ਕਹਾਵਤ ਇਸ ਗੱਲ ਦੀ ਗਵਾਹੀ ਦਿੰਦੀ ਹੈ । ਪੰਜਾਬੀ ਲੋਕ-ਗੀਤ ਵੀ ਪੰਜਾਬੀਆਂ ਦੀ ਹਜ਼ਾਰਾਂ ਵਰ੍ਹਿਆਂ ਤੋਂ ਤੁਰੀ ਆ ਰਹੀ ਵੀਰ-ਪਰੰਪਰਾ ਨੂੰ ਸਾਂਭੀ ਤੁਰੀ ਆ ਰਹੇ ਹਨ । ਇਨ੍ਹਾਂ ਵਿਚ ਪੰਜਾਬੀ ਨਾਇਕ ਹਥਿਆਰਾਂ ਨਾਲ ਲੈਸ, ਨੀਲੇ ਘੋੜਿਆਂ 'ਤੇ ਅਸਵਾਰ, ਰਾਜੇ ਦੀ ਨੌਕਰੀ ਜਾਂ ਦੇਸ਼ ਦੀ ਰੱਖਿਆ ਲਈ ਨਿੱਤ ਨਵੀਆਂ ਮੁਹਿੰਮਾਂ 'ਤੇ ਸਜ-ਵਿਆਹੀਆਂ ਪਤਨੀਆਂ ਨੂੰ ਵਿਛੋੜਾ ਦੇ ਕੇ ਜਾਂਦੇ ਨਜ਼ਰ ਆਉਂਦੇ ਹਨ ।

**129. ਯੂਨਾਨੀ ਕਾਲ ਤੋਂ ਅੰਗਰੇਜ਼ੀ ਰਾਜ ਤੱਕ ਪੰਜਾਬੀਆਂ ਨੇ ਦੁਸ਼ਮਣਾਂ ਤੋਂ ਬਦਲਾ ਕਿਵੇਂ ਲਿਆ ?**

(1) ਪਿਆਰ ਨਾਲ

(2) ਲੁਕ-ਛਿਪ ਕੇ

(3) ਤੇਗਾਂ ਚਲਾ ਕੇ

(4) ਈਨ ਮੰਨ ਕੇ

**130. ਹੇਠ ਲਿਖਿਆਂ ਵਿਚੋਂ ਕਹਾਵਤ ਚੁਣੋ :**

(1) ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿਮਾਂ

(2) ਲੋਹਾ ਲੈਣਾ

(3) ਈਨ ਮੰਨਣੀ

(4) ਤੇਗ ਵਾਹੁਣੀ

**131. ਪੰਜਾਬੀਆਂ ਦੀ ਵੀਰਤਾ ਦਾ ਜ਼ਿਕਰ ਹੋਰ ਕਿੱਥੇ ਮਿਲਦਾ ਹੈ ?**

(1) ਬੁਝਾਰਤਾਂ ਵਿਚ

(2) ਸਿੱਠਣੀਆਂ ਵਿਚ

(3) ਚੁਟਕਲਿਆਂ ਵਿਚ

(4) ਲੋਕ ਗੀਤਾਂ ਵਿਚ

**132. ਪੰਜਾਬੀ ਕਿੰਨਾਂ ਦੀ ਈਨ ਨਹੀਂ ਮੰਨਦੇ ?**

(1) ਗੁਆਂਢੀਆਂ ਦੀ

(2) ਵਿਦੇਸ਼ੀ ਧਾੜਵੀਆਂ ਦੀ

(3) ਪਰਿਵਾਰਾਂ ਦੀ

(4) ਵੱਡੇ ਵਡੇਰਿਆਂ ਦੀ

www.prepp.in



Prepp Your Personal Exams Guide

**133.** ਹੇਠ ਲਿਖਿਆਂ ਵਿਚੋਂ ਕਿਹੜਾ ਸਮਾਸੀ ਸ਼ਬਦ ਨਹੀਂ ਹੈ ?

(1) ਰਣ–ਭੂਮੀ

(2) ਨਿੱਤ–ਮੁਹਿੰਮਾਂ

(3) ਵੀਰ–ਪਰੰਪਰਾ

(4) ਸਜ–ਵਿਆਹੀਆਂ

**134.** ਪੰਜਾਬੀਆਂ ਨੂੰ ਵਿਰਾਸਤ ਵਿਚੋਂ ਕੀ ਮਿਲਿਆ ਹੈ ?

(1) ਕਾਇਰਤਾ

(2) ਵੀਰਤਾ

(3) ਈਨ ਮੰਨਣੀ

(4) ਹਾਰ ਮੰਨਣਾ

**135.** ਪੰਜਾਬੀਆਂ ਨੂੰ ਸ਼ੁਰੂ ਤੋਂ ਹੀ ਕਿਸ ਦਾ ਵਿਰੋਧ ਕਰਨਾ ਪਿਆ ?

(1) ਧਾੜਵੀਆਂ ਦਾ

(2) ਆਪਣੇ ਘਰ ਵਾਲਿਆਂ ਦਾ

(3) ਆਪਣੇ ਹਮਸਾਇਆਂ ਦਾ

(4) ਨੀਲੇ ਘੋੜੇ ਵਾਲਿਆਂ ਦਾ

**136.** ਲਿਖਣ ਪ੍ਰਕਿਰਿਆ ਲਈ ਹੇਠ ਲਿਖਿਆਂ ਵਿਚੋਂ ਕਿਸ ਨੂੰ ਅਪਣਾਉਣਾ ਚਾਹੀਦਾ ਹੈ ?

(1) ਸ਼ਬਦਾਂ ਦੀ ਸੀਮਾ

(2) ਲੱਛੇਦਾਰ/ਅਲੰਕਾਰਮਈ ਭਾਸ਼ਾ ਦਾ ਵਰਤੋਂ

(3) ਸੰਬੰਧਵਾਚਕ ਪੜਨਾਂਵ ਦੀ ਵਰਤੋਂ

(4) ਵਿਚਾਰਾਂ ਦਾ ਸੰਗਠਨ

**137.** ਲਿਖਣਾ ਇਕ ____ ਹੈ, ਅਤੇ ਇਕ ____ ਨਹੀਂ ।

(1) ਪ੍ਰਕਿਰਿਆ; ਵਸਤੂ

(2) ਵਸਤੂ; ਪ੍ਰਕਿਰਿਆ

(3) ਪ੍ਰਕਿਰਿਆ; ਲਿਖਤ ਅਭਿਆਸ

(4) ਲਿਖਤ ਅਭਿਆਸ; ਪ੍ਰਕਿਰਿਆ

**138.** ਵਿਦਿਆਰਥੀਆਂ ਦੇ ਲਿਖਣ ਕੌਸ਼ਲ ਦਾ ਮੁਲਾਂਕਣ ਕਰਨ ਸਮੇਂ ਇਕ ਅਧਿਆਪਕ ਨੂੰ ਸਭ ਤੋਂ ਵੱਧ ਜ਼ੋਰ _____ ਉੱਪਰ ਦੇਣਾ ਚਾਹੀਦਾ ਹੈ ।

(1) ਲੱਛੇਦਾਰ ਭਾਸ਼ਾ

(2) ਸ਼ੁੱਧ ਸ਼ਬਦਜੋੜ

(3) ਵਿਆਕਰਨਕ ਤੌਰ 'ਤੇ ਸ਼ੁੱਧ ਸੰਰਚਨਾ

(4) ਵਿਚਾਰਾਂ ਦੇ ਪ੍ਰਗਟਾਅ

www.prepp.in



**139. ਅਗਾਊਂ–ਪੜ੍ਹਤ ਦੇ ਅਭਿਆਸ ਦਾ ਅਰੱਥ ਹੈ :**

(1) ਔਖੇ ਸ਼ਬਦਾਂ ਦੇ ਅਰੱਥ ਦੇਣਾ ।

(2) ਪਾਠ ਵਿਚ ਵਰਤੇ ਗਏ ਵਿਆਕਰਨਕ ਵਸਤਾਂ/ਨੇਮਾਂ ਦੀ ਵਿਆਖਿਆ ਕਰਨੀ ।

(3) ਸਿਖਿਆਰਥੀਆਂ ਦੀ ਪੜ੍ਹਨ ਦੀ ਸਮਝ ਦਾ ਮੁਲਾਂਕਨ ਕਰਨਾ ।

(4) ਸਿਖਿਆਰਥੀਆਂ ਨੂੰ ਪਾਠ ਬਾਰੇ । ਉਨ੍ਹਾਂ ਦੇ ਅਗਾਊਂ ਗਿਆਨ ਨੂੰ ਕਿਰਿਆਸ਼ੀਲ ਬਣਾਕੇ ਤਿਆਰ ਕਰਨਾ ।

**140. ਭਾਰਤੀ ਸੰਵਿਧਾਨ ਦੇ ਅੱਠਵੇਂ ਸ਼ਡਿਊਲ ਵਿਚ ਹੁਣ ਕਿੰਨੀਆਂ ਭਾਸ਼ਾਵਾਂ ਦਾ ਜ਼ਿਕਰ ਕੀਤਾ ਗਿਆ ਹੈ ?**

(1) 16

(2) 20

(3) 22

(4) 24

**141. ਇਕ ਅਧਿਆਪਕਾ ਆਪਣੀ ਜਮਾਤ ਵਿਚ ਵਿਦਿਆਰਥੀਆਂ ਨੂੰ ਵੱਖੋ–ਵੱਖਰੀਆਂ ਭੂਮਿਕਾਵਾਂ ਨਿਭਾਉਣ ਲਈ ਕਹਿੰਦੀ ਹੋਈ ਵਾਸਤਵਿਕ ਸੰਚਾਰ ਦੀ ਪੇਸ਼ਕਾਰੀ ਕਰ ਰਹੀ ਹੈ । ਫਿਰ ਉਹ ਉਨ੍ਹਾਂ ਦੀਆਂ ਭੂਮੀਕਾਵਾਂ ਵਿਚੋਂ ਕੁੱਝ ਸੰਬੰਧਤ ਨੇਮਾਂ ਨੂੰ ਹਟਾ ਕੇ ਉਨ੍ਹਾਂ ਨੇਮਾਂ ਦੀ ਵਰਤੋਂ ਨਾਲ ਅਭਿਆਸ ਕਰਨ ਲਈ ਆਖਦੀ ਹੈ । ਉਹ _____ ਪੜ੍ਹਾ ਰਹੀ ਹੈ ।**

(1) ਪ੍ਰੀਸਕਰਿਪਟਿਵ ਵਿਆਕਰਨ

(2) ਗ੍ਰਾਮਰ ਇਨ ਆਈਸੋਲੇਸ਼ਨ

(3) ਗ੍ਰਾਮਰ ਇਨ ਕਨਟੈਕਸਟ

(4) ਡਿਡਕਟਿਵ ਅਪ੍ਰੋਚ

**142. ਭਾਸ਼ਾ ਦਾ ਇਕ ਅਧਿਆਪਕ ਸਾਰੇ ਬੱਚਿਆਂ ਦੀ ਸਿਖਲਾਈ ਦੀ ਸ਼ੈਲੀ ਵੱਲ ਧਿਆਨ ਦੇ ਸਕਦਾ ਹੈ ;**

(1) ਹਰੇਕ ਸ਼ਬਦ ਦਾ ਅਨੁਵਾਦ ਕਰਕੇ ਅਤੇ ਪਾਠ ਨੂੰ ਦੁਹਰਾਅ ਕੇ ।

(2) ਲਗਾਤਾਰ ਬੱਚਿਆਂ ਦਾ ਮੁਲਾਂਕਣ ਕਰਕੇ ।

(3) ਪੜ੍ਹਾਈ ਦੇ ਨਾਲ ਨਾਲ ਨਾਚ / ਸੰਗੀਤ / ਗੇਮਾਂ / ਖੇਡਾਂ / ਡਰਾਇੰਗ ਦੀਆਂ ਜਮਾਤਾਂ ਵੱਲ ਵੀ ਪ੍ਰੇਰਿਤ ਕਰਕੇ ।

(4) ਵੱਖੋ–ਵੱਖਰੇ ਸਿਖਿਆਰਥੀਆਂ ਦਾ ਧਿਆਨ ਰੱਖਣ ਲਈ, ਵੱਖੋ–ਵੱਖਰੀਆਂ ਅਧਿਆਪਨ ਵਿਧੀਆਂ, ਯੋਜਨਾਵਾਂ ਅਤੇ ਮੁਲਾਂਕਣ ਦੇ ਤਰੀਕੇ ਵਰਤ ਕੇ ।

**143. ਭਾਸ਼ਾ ਦੀ ਸਿਖਲਾਈ ਵਿਚ ਸਮਾਜਕ ਆਦਾਨ ਪ੍ਰਦਾਨ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ । ਇਹ ਕਥਨ _____ ਨਾਲ ਸੰਬੰਧਤ ਹੈ ।**

(1) ਚੌਮਸਕੀ

(2) ਪਿਆਗੇਟ

(3) ਵਿਆਗੋਤਸਕੀ

(4) ਸਕੀਨੀਰ

**144. ਬੋਲਣ ਦੀ ਮੁਹਾਰਤ ਕਿਸ ਲਈ ਜ਼ਰੂਰੀ ਹੈ ?**

(1) ਸਾਫ਼ ਤੇ ਢੁਕਵੇਂ ਉਚਾਰਨ ਲਈ

(2) ਵਿਸ਼ੇ ਅਤੇ ਸਥਿਤੀ ਅਨੁਸਾਰ ਬੋਲਣ ਲਈ

(3) ਸਹਿਜ ਨਾਲ ਬੋਲਣ ਲਈ

(4) ਲੱਛੇਦਾਰ ਭਾਸ਼ਾ ਦੀ ਵਰਤੋਂ ਲਈ

www.prepp.in



**145. ਉਹ ਟੈਸਟ, ਜਿਸ ਰਾਹੀਂ ਇਕ ਅਧਿਆਪਕ ਨੂੰ ਇਹ ਸਮਝਣ ਵਿਚ ਸਹਾਇਤਾ ਮਿਲਦੀ ਹੈ ਕਿ ਕੋਈ ਬੱਚਾ ਭਾਸ਼ਾ ਸਿੱਖਣ ਵਿਚ ਵਿਸ਼ੇਸ਼ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ, ਉਹ ਹੈ ______**

(1) ਡਿਸਟਰੀਕ ਪੁਆਇੰਟ ਟੈਸਟ

(2) ਡਾਇਗਨੌਸਟਿਕ ਟੈਸਟ

(3) ਕਮਿਊਨੀਕੇਟਿਵ ਟੈਸਟ

(4) ਪਰਾਬਲਮ ਸੌਲਵਿੰਗ ਟੈਸਟ

**146. 'ਪੋਰਟਫੋਲੀਓ' ਬਾਰੇ ਹੇਠ ਲਿਖਿਆਂ ਵਿਚੋਂ ਕਿਹੜਾ ਕਥਨ ਠੀਕ ਹੈ ?**

(1) ਇਹ ਲਿਖਾਈ ਦੀ ਆਦਤ ਨੂੰ ਵਿਕਸਿਤ ਕਰਦਾ ਹੈ ।

(2) ਇਸ ਦਾ ਮੁੱਖ ਮਕਸਦ ਵਿਦਿਆਰਥੀਆਂ ਦਾ ਕੰਮ ਇਕੱਤਰ ਕਰਕੇ ਉਸ ਨੂੰ ਸੁਰੱਖਿਅਤ ਰੱਖਣਾ ਹੈ ।

(3) ਇਹ ਅਧਿਆਪਕ ਦੇ ਸਮੇਂ ਦੀ ਬੱਚਤ ਕਰਦਾ ਹੈ ਅਤੇ ਇਸ ਨਾਲ ਵਿਦਿਆਰਥੀ ਵਿਅਸਤ ਰਹਿੰਦੇ ਹਨ ।

(4) ਇਹ ਬੱਚੇ ਦੀ ਕ੍ਰਮਵਾਰ ਪ੍ਰਗਤੀ ਦਾ ਅਨੁਮਾਨ ਲਾਉਣ ਲਈ ਅਧਿਆਪਕ ਦੀ ਸਹਾਇਤਾ ਕਰਦਾ ਹੈ ।

**147. 'ਅਲਾਪ' ______ ਵਿਚ ਭਿੰਨਤਾ ਹੈ ।**

(1) ਅੰਗ

(2) ਧੁਨੀ

(3) ਹਵਾ

(4) ਸੁਰ ਦੇ ਉਤਰਾਅ-ਚੜ੍ਹਾਅ

**148. ਵਾਣੀ ਘਰ ਵਿਚ ਨਹੀਂ ਬੋਲਦੀ । ਪਰ ਉਹ ਸਕੂਲ ਵਿਚ ਬਹੁਤ ਗੱਲਾਂ ਕਰਦੀ ਹੈ । ਇਹ ਦਰਸਾਉਂਦਾ ਹੈ ਕਿ :**

(1) ਉਹ ਆਪਣੇ ਘਰ ਨੂੰ ਬਿਲਕੁੱਲ ਪਸੰਦ ਨਹੀਂ ਕਰਦੀ ।

(2) ਸਕੂਲ ਵਿਚ ਉਸ ਦੇ ਵਿਚਾਰਾਂ ਦੀ ਕਦਰ ਹੁੰਦੀ ਹੈ ।

(3) ਸਕੂਲ ਬੱਚਿਆਂ ਨੂੰ ਵੱਧ ਤੋਂ ਵੱਧ ਬੋਲਣ ਦੇ ਮੌਕੇ ਦਿੰਦਾ ਹੈ ।

(4) ਅਧਿਆਪਕ ਜਮਾਤ ਦੇ ਅਨੁਸ਼ਾਸਨ ਵੱਲ ਘੱਟ ਹੀ ਧਿਆਨ ਦਿੰਦਾ ਹੈ ।

**149. ਭਾਸ਼ਾ ਦੀ ਨਿਪੁੰਨਤਾ ਵਿਚ ਕਿਹੜੇ ਦੋ ਤੱਤ ਸ਼ਾਮਲ ਹੁੰਦੇ ਹਨ ?**

(1) ਯੋਗ ਉਚਾਰਨ ਅਤੇ ਤੀਬਰਤਾ ਨਾਲ ਪੜ੍ਹਨਾ

(2) ਲਿਪੀਅੰਤਰ ਅਤੇ ਸੁੰਦਰ ਲਿਖਾਈ

(3) ਸ਼ੁੱਧਤਾ ਅਤੇ ਰਵਾਨੀ

(4) ਸਰਸਰੀ ਝਾਤ ਅਤੇ ਪਰਖਣਾ

**150. ਭਾਸ਼ਾ ਸਿੱਖਣੀ ਸੌਖੀ ਹੋ ਜਾਵੇ ਜੇਕਰ –**

(1) ਪਾਠ-ਪੁਸਤਕਾਂ ਨਾ ਪੜ੍ਹਾਈਆਂ ਜਾਣ

(2) ਇਮਤਿਹਾਨ ਨਾ ਹੋਣ

(3) ਭਾਸ਼ਾਈ ਅਮੀਰੀ ਦਾ ਮਹੌਲ ਹੋਵੇ

(4) ਲਿਖਣ ਤੋਂ ਪਹਿਲਾਂ ਵਧੇਰੇ ਸਮਾਂ ਵਿਆਕਰਣ ਦੇ ਅਭਿਆਸ ਨੂੰ ਦਿੱਤਾ ਜਾਵੇ

www.prepp.in



Prepp
Your Personal Exams Guide

## SPACE FOR ROUGH WORK

Prepp Your Personal Exam Guide

www.prepp.in



## SPACE FOR ROUGH WORK

Your Personal Exam Guide

www.prepp.in



ਹੇਠ ਲਿਖੀਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ :

1. ਵੱਖੋ-ਵੱਖਰੇ ਪ੍ਰਸ਼ਨਾ ਦੇ ਉੱਤਰ ਦੇਣ ਦੇ ਢੰਗ-ਤਰੀਕੇ ਟੈਸੱਟ ਬੁਕਲਿਟ ਵਿਚ ਵਿਸਤਾਰਪੂਰਵਕ ਦਿੱਤੇ ਗਏ ਹਨ। ਅਮਲੀ ਰੂਪ ਵਿਚ ਪ੍ਰਸ਼ਨਾ ਦੇ ਉੱਤਰ ਦੇਣ ਤੋਂ ਪਹਿਲਾਂ ਇਨ੍ਹਾਂ ਨੂੰ ਧਿਆਨ ਨਾਲ ਪੜ੍ਹੋ।
2. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐੱਮ.ਆਰ. (OMR) ਉੱਤਰ-ਪੱਤਰ ਦੇ ਪੰਨਾ-2 ਵਿੱਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ **ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਨਾਲ ਭਰੋ। ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆ ਨਹੀਂ ਜਾ ਸਕਦਾ।
3. ਪਰੀਖਿਆਰਥੀ ਇਸ ਗੱਲ ਦਾ ਧਿਆਨ ਦੇਣ ਕਿ ਉੱਤਰ-ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ। ਪਰੀਖਿਆਰਥੀ ਆਪਣਾ ਰੋਲ ਨੰਬਰ ਉੱਤਰ-ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਤੇ ਨਾ ਲਿਖਣ।
4. ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੀ ਵਰਤੋਂ ਧਿਆਨ ਨਾਲ ਕਰੋ, ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ-ਪੁਸਤਿਕਾ ਨਹੀਂ ਦਿੱਤੀ ਜਾਵੇਗੀ।
5. ਪਰੀਖਿਆ-ਪੁਸਤਿਕਾ/ਉੱਤਰ-ਪੱਤਰ ਵਿੱਚ ਦਿੱਤੇ ਗਏ ਪਰੀਖਿਆ-ਪੁਸਤਿਕਾ ਸੰਕੇਤ ਅਤੇ ਨੰਬਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜਰੀ-ਪੱਤਰ ਵਿੱਚ ਲਿਖਣ।
6. ਮਸ਼ੀਨ OMR ਸ਼ੀਟ ਵਿਚ ਦਿੱਤੀ ਗਈ ਸੂਚਨਾ ਦੇ ਕੋਡਾਂ ਨੂੰ ਪੜ੍ਹੇਗੀ। ਇਸ ਲਈ ਕੋਈ ਵੀ ਜਾਣਕਾਰੀ ਅਧੂਰੀ ਨਹੀਂ ਰਹਿਣੀ ਚਾਹੀਦੀ। ਇਹ ਐਡਮਿਟ ਕਾਰਡ (ਦਾਖ਼ਲਾ ਕਾਰਡ) ਵਿਚ ਦਿੱਤੀ ਗਈ ਸੂਚਨਾ ਤੋਂ ਭਿੰਨ ਨਹੀਂ ਹੋਣੀ ਚਾਹੀਦੀ।
7. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ/ਕਮਰੇ ਵਿੱਚ ਪ੍ਰਵੇਸ਼ ਕਾਰਡ ਤੋਂ ਇਲਾਵਾ ਕਿਸੀ ਪ੍ਰਕਾਰ ਦੀ ਪਾਠ-ਸਮੱਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਗਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮੱਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ।
8. ਮੋਬਾਈਲ ਫ਼ੋਨ, ਬਿਨਾ ਤਾਰ ਵਾਲੇ ਸੰਚਾਰ ਜੰਤਰ (ਇਥੋਂ ਤਕ ਕਿ ਬੰਦ ਹਾਲਤ ਵਿਚ ਵੀ) ਤੇ ਹੋਰ ਪਾਬੰਦੀਸ਼ੁਦਾ ਵਸਤਾਂ ਪ੍ਰੀਖਿਆ ਕੇਂਦਰ ਜਾ ਕਮਰਿਆਂ ਵਿਚ ਨਹੀਂ ਲਿਆਉਣੀਆਂ ਚਾਹੀਦੀਆਂ। ਇਸ ਨਿਰਦੇਸ਼ ਦਾ ਪਾਲਣ ਨਾ ਕਰਨ ਦੀ ਸੂਰਤ ਵਿਚ ਇਸ ਨੂੰ ਇਮਿਤਿਹਾਨ ਵਿਚ ਗੈਰ ਕਾਨੂੰਨੀ ਸਾਧਨਾਂ ਦੀ ਵਰਤੋਂ ਮੰਨਿਆਂ ਜਾਵੇਗਾ ਤੇ ਪ੍ਰੀਖਿਆ ਰਦ ਕਰਨ ਸਮੇਤ ਸੰਬੰਧਤ ਉਮੀਦਵਾਰ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।
9. ਨਿਰੀਖਿਅਕ ਦੀ ਮੰਗ 'ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼-ਕਾਰਡ ਜ਼ਰੂਰ ਦਿਖਾਏ।
10. ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੇ।
11. ਨਿਰੀਖਿਅਕ ਨੂੰ ਆਪਣਾ ਉੱਤਰ-ਪੱਤਰ ਦਿੱਤੇ ਬਿਨਾਂ ਅਤੇ ਹਾਜ਼ਰੀ-ਪੱਤਰ ਉੱਤੇ ਦੁਬਾਰਾ ਦਸਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ ਨੂੰ ਨਹੀਂ ਛੱਡਣਗੇ। ਜੇਕਰ ਕਿਸੀ ਪਰੀਖਿਆਰਥੀ ਨੇ ਦੂਜੀ ਬਾਰ ਹਾਜ਼ਰੀ-ਪੱਤਰ ਉੱਤੇ ਦਸਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ ਉੱਤਰ-ਪੱਤਰ ਜਮ੍ਹਾ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ।
12. ਇਲੈਕਟ੍ਰਾਨਿਕ/ਹੱਥ ਨਾਲ ਚੱਲਣ ਵਾਲੇ ਕੈਲਕੂਲੇਟਰ ਦਾ ਇਸਤੇਮਾਲ ਵਰਜਿਤ ਹੈ।
13. ਪਰੀਖਿਆਰਥੀ ਪਰੀਖਿਆ ਹਾਲ ਵਿੱਚ ਬੋਰਡ ਦੇ ਸਾਰੇ ਨਿਯਮਾਂ, ਕਾਨੂੰਨਾ ਦੀ ਪਾਲਨਾ ਕਰੇਗਾ। ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਬੋਰਡ ਦੇ ਨਿਯਮਾਂ ਕਾਨੂੰਨਾਂ ਅਨੁਸਾਰ ਹੋਵੇਗਾ।
14. ਕਿਸੇ ਵੀ ਸਥਿਤੀ ਵਿੱਚ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦਾ ਕੋਈ ਭਾਗ ਅਲਗ ਨਾ ਕਰੋ।
15. **ਪਰੀਖਿਆ ਖ਼ਤਮ ਹੋਣ 'ਤੇ, ਪਰੀਖਿਆਰਥੀ ਹਾਲ/ਕਮਰਾ ਛੱਡਣ ਤੋਂ ਪਹਿਲਾਂ ਆਪਣਾ ਉੱਤਰ-ਪੱਤਰ ਆਪਣੇ ਕਮਰੇ ਦੇ ਨਿਰੀਖਿਅਕ ਨੂੰ ਸੌਂਪੇਗਾ। ਪਰੀਖਿਆਰਥੀ ਇਸ ਪਰੀਖਿਆ-ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ।**

www.prepp.in

prepp
Your Personal Exams Guide



**निम्नलिखित निर्देशों को ध्यान से पढ़ें :**

1. जिस प्रकार से विभिन्न प्रश्नों के उत्तर दिए जाने हैं उसका वर्णन परीक्षा पुस्तिका में किया गया है, जिसे आप प्रश्नों का उत्तर देने से पहले ध्यान से पढ़ लें ।
2. प्रत्येक प्रश्न के लिए दिए गए चार विकल्पों में से सही उत्तर के लिए OMR उत्तर पत्र के **पृष्ठ-2** पर केवल एक वृत्त को ही पूरी तरह **काले/नीले बॉल पॉइन्ट पेन** से भरें । एक बार उत्तर अंकित करने के बाद उसे बदला नहीं जा सकता है ।
3. परीक्षार्थी सुनिश्चित करें कि इस उत्तर पत्र को मोड़ा न जाए एवं उस पर कोई अन्य निशान न लगाएँ । परीक्षार्थी अपना अनुक्रमांक उत्तर-पत्र में निर्धारित स्थान के अतिरिक्त अन्यत्र न लिखें ।
4. परीक्षा पुस्तिका एवं उत्तर पत्र का ध्यानपूर्वक प्रयोग करें, क्योंकि किसी भी परिस्थिति में (केवल परीक्षा पुस्तिका एवं उत्तर पत्र के संकेत या संख्या में भिन्नता की स्थिति को छोड़कर) दूसरी परीक्षा पुस्तिका उपलब्ध नहीं करायी जाएगी ।
5. परीक्षा पुस्तिका / उत्तर पत्र में दिए गए परीक्षा पुस्तिका संकेत व संख्या को परीक्षार्थी सही तरीके से हाज़िरी-पत्र में लिखें ।
6. OMR उत्तर पत्र में कोडित जानकारी को एक मशीन पढ़ेगी । इसलिए कोई भी सूचना अधूरी न छोड़ें और यह प्रवेश-पत्र में दी गई सूचना से भिन्न नहीं होनी चाहिए ।
7. परीक्षार्थी द्वारा परीक्षा हॉल/कक्ष में प्रवेश-पत्र के सिवाय किसी प्रकार की पाठ्य-सामग्री, मुद्रित या हस्तलिखित, कागज़ की पर्चियाँ, पेजर, मोबाइल फोन, इलेक्ट्रॉनिक उपकरण या किसी अन्य प्रकार की सामग्री को ले जाने या उपयोग करने की अनुमति नहीं है ।
8. मोबाइल फोन, बेतार संचार युक्तियाँ (स्वीच ऑफ अवस्था में भी) और अन्य प्रतिबंधित वस्तुएँ परीक्षा हॉल/कक्ष में नहीं लाई जानी चाहिए । इस सूचना का पालन न होने पर इसे परीक्षा में अनुचित साधनों का प्रयोग माना जाएगा और उनके विरुद्ध कार्यवाही की जाएगी, परीक्षा रद्द करने सहित ।
9. पूछे जाने पर प्रत्येक परीक्षार्थी, निरीक्षक को अपना प्रवेश-पत्र दिखाएँ ।
10. केन्द्र अधीक्षक या निरीक्षक की विशेष अनुमति के बिना कोई परीक्षार्थी अपना स्थान न छोड़ें ।
11. कार्यरत निरीक्षक को अपना उत्तर पत्र दिए बिना एवं हाज़िरी-पत्र पर दुबारा हस्ताक्षर किए बिना परीक्षार्थी परीक्षा हॉल/कक्ष नहीं छोड़ेंगे । यदि किसी परीक्षार्थी ने दूसरी बार हाज़िरी-पत्र पर हस्ताक्षर नहीं किए, तो यह माना जाएगा कि उसने उत्तर पत्र नहीं लौटाया है और यह अनुचित साधन का मामला माना जाएगा । **परीक्षार्थी अपने बाएँ हाथ के अंगूठे का निशान हाज़िरी-पत्र में दिए गए स्थान पर अवश्य लगाएँ ।**
12. इलेक्ट्रॉनिक / हस्तचालित परिकलक का उपयोग वर्जित है ।
13. परीक्षा हॉल/कक्ष में आचरण के लिए परीक्षार्थी बोर्ड के सभी नियमों एवं विनियमों द्वारा नियमित हैं । अनुचित साधनों के सभी मामलों का फैसला बोर्ड के नियमों एवं विनियमों के अनुसार होगा ।
14. किसी हालत में परीक्षा पुस्तिका और उत्तर पत्र का कोई भाग अलग न करें ।
15. **परीक्षा सम्पन्न होने पर, परीक्षार्थी हॉल / कक्ष छोड़ने से पूर्व उत्तर पत्र कक्ष-निरीक्षक को अवश्य सौंप दें । परीक्षार्थी अपने साथ इस परीक्षा पुस्तिका को ले जा सकते हैं ।**

**READ THE FOLLOWING INSTRUCTIONS CAREFULLY:**

1. The manner in which the different questions are to be answered has been explained in the Test Booklet which you should read carefully before actually answering the questions.
2. Out of the four alternatives for each question, only one circle for the correct answer is to be darkened completely with **Black/Blue Ball Point Pen** on **Side-2** of the OMR Answer Sheet. The answer once marked is not liable to be changed.
3. The candidates should ensure that the Answer Sheet is not folded. Do not make any stray marks on the Answer Sheet. Do not write your Roll No. anywhere else except in the specified space in the Answer Sheet.
4. Handle the Test Booklet and Answer Sheet with care, as under no circumstances (except for discrepancy in Test Booklet Code or Number and Answer Sheet Code or Number), another set will be provided.
5. The candidates will write the correct Test Booklet Code and Number as given in the Test Booklet / Answer Sheet in the Attendance Sheet.
6. A machine will read the coded information in the OMR Answer Sheet. Hence, no information should be left incomplete and it should not be different from the information given in the Admit Card.
7. Candidates are not allowed to carry any textual material, printed or written, bits of papers, pager, mobile phone, electronic device or any other material except the Admit Card inside the examination hall/ room.
8. Mobile phones, wireless communication devices (even in switched off mode) and the other banned items should not be brought in the examination halls/ rooms. Failing to comply with this instruction, it will be considered as using unfair means in the examination and action will be taken against them including cancellation of examination.
9. Each candidate must show on demand his / her Admit Card to the Invigilator.
10. No candidate, without special permission of the Centre Superintendent or Invigilator, should leave his / her seat.
11. The candidates should not leave the Examination Hall/ Room without handing over their Answer Sheet to the Invigilator on duty and sign the Attendance Sheet twice. Cases where a candidate has not signed the Attendance Sheet second time will be deemed not to have handed over the Answer Sheet and dealt with as an unfair means case. **The candidates are also required to put their left hand THUMB impression in the space provided in the Attendance Sheet.**
12. Use of Electronic / Manual Calculator is prohibited.
13. The candidates are governed by all Rules and Regulations of the Board with regard to their conduct in the Examination Hall/Room. All cases of unfair means will be dealt with as per Rules and Regulations of the Board.
14. No part of the Test Booklet and Answer Sheet shall be detached under any circumstances.
15. **On completion of the test, the candidate must hand over the Answer Sheet to the Invigilator in the Hall / Room.** ***The candidates are allowed to take away this Test Booklet with them.***